## ਨਿਜਤਾ

ਉਸ ਨਿੱਜੀ ਸਿਹਤ ਸਬੰਧੀ ਜਾਣਕਾਰੀ ਨੂੰ, ਜੋ ਤੁਸੀਂ ਸਾਡੇ ਕਲੀਨਿਕ ਵਿੱਚ ਪ੍ਰਦਾਨ ਕਰਦੇ ਹੋ, ਹੈਲਥ ਇਨਫੌਰਮੇਸ਼ਨ ਐਕਟ ਦੇ ਪ੍ਰਾਵਧਾਨਾਂ ਦੇ ਮੁਤਾਬਕ ਇਕੱਤਰ, ਇਸ ਦਾ ਇਸਤੇਮਾਲ ਅਤੇ ਖੁਲਾਸਾ ਕੀਤਾ ਜਾਂਦਾ ਹੈ।

ਇਸ ਦੀ ਤੁਹਾਨੂੰ ਤਸ਼ਖੀਸ, ਇਲਾਜ ਅਤੇ ਸਿਹਤ ਸਬੰਧੀ ਸੇਵਾਵਾਂ ਪ੍ਰਦਾਨ ਕਰਨ ਅਤੇ ਪ੍ਰਦਾਨ ਕੀਤੀਆਂ ਸੇਵਾਵਾਂ ਲਈ ਤੁਹਾਡਾ ਪਰੋਵਿੰਸ਼ਿਯਲ ਹੈਲਥ ਪਲਾਨ ਦਾ ਬਿੱਲ ਭੇਜਣ ਲਈ ਵੀ ਵਰਤੋਂ ਕੀਤੀ ਜਾਂਦੀ ਹੈ। ਵਧੇਰੀ ਜਾਣਕਾਰੀ ਲਈ, ਕਿਰਪਾ ਕਰਕੇ 403-571-8640 ਤੇ ਸੰਪਰਕ ਕਰੋ।

## ਸਾਡੀ ਸਥਿਤੀ

ਅਸੀਂ ਹੇਠਾਂ ਦਿੱਤੀ ਥਾਂ ਤੇ ਸਥਿਤ ਹਾਂ:

#110, 2891 ਸਨਰਿਜ ਵੇ ਐਨ ਈ ਕੈਲਗਰੀ, ਅਲਬੇਰਟਾ **T1Y 7K7**




ਪਾਰਕਿੰਗ ਬਿਲਡਿੰਗ ਦੇ ਅੱਗੇ ਉਪਲਬਧ ਹੈ।

ਬੱਸ ਦੇ ਰੂਟ: #19 ਅਤੇ #119

ਨਜ਼ਦੀਕੀ ਸੀ-ਰੇਲਗੱਡੀ ਸਟੇਸ਼ਨ: ਐਨ ਈ ਰੰਡਲ ਸਟੇਸ਼ਨ

Punjabi / MPI: 09.2.13

### ਮਾਯੋਕਾਰਡਿਅਲ ਪਰਫਿਉਜ਼ਨ ਇਮੇਜਿੰਗ (ਐੱਮਪੀਆਈ /ਥੈਲਿਅਮ) ਟੈਸਟ ਕੀ ਹੁੰਦਾ ਹੈ?

ਇਹ ਟੈਸਟ ਅਰਾਮ ਕਰਨ ਵੇਲੇ ਅਤੇ ਤਣਾ ਦੇ ਦੌਰਾਨ ਤੁਹਾਡੀਆਂ ਦਿਲ ਦੀਆਂ ਪੇਸ਼ੀਆਂ ਵਿੱਚ ਖ਼ੂਨ ਦੇ ਵਹਾ ਤੇ ਨਜ਼ਰ ਰੱਖਣ ਲਈ ਨਿਉਕਲਰ ਪਰਫਿਉਜ਼ਨ ਇਮੇਜਿੰਗ ਦੇ ਨਾਲ ਇੱਕ ਟੈਸਟ ਦਾ ਸੰਯੋਜਨ ਹੁੰਦਾ ਹੈ।

### ਟੈਸਟ ਦੇ ਦੌਰਾਨ ਕੀ ਹੁੰਦਾ ਹੈ?

ਪਹੁੰਚਣ ਤੇ ਤੁਹਾਨੂੰ ਰਜ਼ਾਮੰਦੀ ਫਾਰਮ ਨੂੰ ਪੜਨ ਦੀ ਬੇਨਤੀ ਕੀਤੀ ਜਾਵੇਗੀ। ਲੈਬ ਵਿੱਚ ਇੱਕ ਵਾਰੀ ਤੁਸੀਂ ਟੈਸਟ ਦਾ ਸਪੱਸ਼ਟੀਕਰਨ ਪ੍ਰਾਪਤ ਕਰੋਗੇ ਅਤੇ ਤੁਹਾਨੂੰ ਸੂਚਿਤ ਰਜ਼ਾਮੰਦੀ ਦੇਣ ਤੋਂ ਪਹਿਲਾਂ ਕੋਈ ਵੀ ਸੁਆਲਾਂ ਜਾਂ ਚਿੰਤਾਵਾਂ ਬਾਰੇ ਪਤਾ ਲਗਾਉਣ ਦੇ ਯੋਗ ਕੀਤਾ ਜਾਵੇਗਾ। ਇੱਕ ਅੰਤਰ ਨਸੀ (ਆਈਵੀ ਲਾਈਨ) ਨੂੰ ਸ਼ੁਰੂ ਕੀਤਾ ਜਾਵੇਗਾ ਅਤੇ ਤੁਹਾਨੂੰ ਟੈਸਟ ਲਈ ਤਿਆਰ ਕੀਤਾ ਜਾਵੇਗਾ ਤਾਂ ਕਿ ਅਸੀਂ ਤਣਾ ਦੀ ਪੂਰੇ ਟੈਸਟ ਦੇ ਦੌਰਾਨ ਤੁਹਾਡੀ ਈਸੀਜੀ, ਦਿਲ ਦੀ ਧੜਕਣ, ਰਿੱਦਮ, ਅਤੇ ਬਲੱਡ ਪ੍ਰੈਸ਼ਰ ਦਾ ਨਿਰੀਖਣ ਕਰ ਸਕੀਏ। ਜੇ ਤੁਹਾਡੀ ਕਸਰਤ ਕਰਨ ਦੀ ਅਵਧੀ ਨਾਕਾਫੀ ਹੁੰਦੀ ਹੈ, ਜਾਂ ਜੇ ਤੁਹਾਡਾ ਕੋਈ ਡਾਕਟਰੀ ਇਤਿਹਾਸ ਹੈ ਜਾਂ ਇਲੈਕਟ੍ਰੋਕਾਰਡੀਓਗ੍ਰਾਮ (ਈਸੀਜੀ) ਹੋਈ ਹੈ ਜੋ ਕਿ ਟ੍ਰੈਡਮਿਲ ਤੇ ਕਸਰਤ ਕਰਨ ਤੋਂ ਰੋਕਦੀ ਹੈ, ਤਾਂ ਤੁਸੀਂ ਡਿਪਾਇਰਿਡਾਮੋਲ (ਪਰਸੇਂਟਾਈਨ) ਨਾਮਕ ਇੱਕ ਦਵਾਈ ਲੈ ਸਕਦੇ ਹੋ। ਇਹ ਨਿਗਰਾਨੀ ਰੱਖਣ ਵਾਲੇ ਡਾਕਟਰ(ਰਾਂ) ਦੀ ਸੂਝ ਦੇ ਮੁਤਾਬਕ ਕੀਤਾ ਜਾਵੇਗਾ ਜੋ ਤੁਹਾਡੇ ਨਾਲ ਉਨ੍ਹਾਂ ਦੇ ਫੈਸਲੇ ਦੀ ਚਰਚਾ ਕਰਣਗੇ।

ਤੁਹਾਡੇ ਟੈਸਟ ਦੇ ਅੰਤ ਦੇ ਨੇੜੇ, ਥੈਲਿਅਮ ਨਾਮਕ ਬਹੁਤ ਥੋੜੀ ਮਾਤਰਾ ਵਿੱਚ ਰੇਡੀਓਐਕਟਿਵ ਸਮੱਗਰੀ ਦਾ ਤੁਹਾਡੀ ਆਈਵੀ ਲਾਈਨ ਵਿੱਚ ਟੀਕਾ ਲਗਾਇਆ ਜਾਵੇਗਾ। ਫੇਰ ਤੁਸੀਂ ਆਪਣੇ ਦਿਲ ਦੀਆਂ ਤਸਵੀਰਾਂ ਨੂੰ ਲਿੱਤੇ ਜਾਣ ਦੇ ਦੌਰਾਨ ਲਗਭਗ 15 ਮਿੰਟਾਂ ਲਈ ਇੱਕ ਕੈਮਰੇ ਦੇ ਥੱਲੇ ਲੰਮੇ ਪਓਗੇ।

ਇੱਕ ਵਾਰੀ ਜਦੋਂ ਤੁਹਾਡੇ ਦਿੱਲ ਦੀਆਂ ਤਸਵੀਰਾਂ ਪੂਰੀਆਂ ਹੋ ਜਾਂਦੀਆਂ ਹਨ ਤੁਹਾਨੂੰ ਵਿਸਤ੍ਰਿਤ ਹਿਦਾਇਤਾਂ ਅਤੇ ਤੁਹਾਡੀਆਂ ਬਾਕੀ ਤਸਵੀਰਾਂ ਲਈ ਵਾਪਸ ਆਉਣ ਦਾ ਸਮਾਂ ਦਿੱਤਾ ਜਾਵੇਗਾ (ਆਮ ਤੌਰ ਤੇ 3-4 ਘੰਟੇ ਬਾਅਦ)। ਹਾਲਾਂਕਿ ਤੁਹਾਡਾ ਹਾਲੇ <u>ਵੀ ਕੁਝ ਨਾ ਖਾਉਣਾ ਲਾਜ਼ਮੀ ਹੈ</u>, ਕੁਝ ਦਵਾਈਆਂ ਅਤੇ ਕੁਝ ਸੀਮਤ ਤਰਲ ਪਦਾਰਥਾਂ ਨੂੰ ਹਿਦਾਇਤਾਂ ਮੁਤਾਬਕ ਲਿੱਤਾ ਜਾ ਸਕਦਾ ਹੈ। ਕਿਰਪਾ ਕਰਕੇ ਉਡੀਕ ਅਵਧੀ ਦੇ ਦੌਰਾਨ ਇਮਾਰਤ ਨੂੰ ਛੱਡਣ ਵਿੱਚ ਨਾ ਹਿਚਕਿਚਾਓ। ਲੈਬ ਤੇ ਤੁਹਾਡੀ ਵਾਪਸੀ ਹੋਣ ਤੇ ਤਸਵੀਰਾਂ ਦੇ ਦੂਜੇ ਸੈੱਟ ਨੂੰ ਲਿੱਤਾ ਜਾਵੇਗਾ ਜਿਸ ਨੂੰ ਪੂਰਾ ਕਰਨ ਵਿੱਚ 15 ਮਿੰਟ ਤੋਂ ਘੱਟ ਸਮਾਂ ਲੱਗਣਾ ਚਾਹੀਦਾ ਹੈ।

### ਰੈਸਟ ਪਰਫਿਉਜ਼ਨ ਇਮੇਜਿੰਗ (ਥੈਲਿਅਮ)

ਕਈ ਵਾਰੀ ਤੁਹਾਡਾ ਡਾਕਟਰ ਸਿਰਫ਼ ਰੈਸਟ ਥੈਲਿਅਮ ਅਧਿਐਨ ਲਈ ਹੀ ਬੇਨਤੀ ਕਰ ਸਕਦਾ ਹੈ (ਜਿਵੇਂ ਕਿ, ਕੋਈ ਟੈਸਟ ਨਹੀਂ)। ਹੋਰ ਮਾਮਲਿਆਂ ਵਿੱਚ, ਤੁਹਾਡੇ ਪਹਿਲੇ ਤਣਾ + ਰੈਸਟ ਟੈਸਟ ਤੋਂ ਬਾਅਦ, ਦੂਜੇ ਰੈਸਟ ਥੈਲਿਅਮ ਅਧਿਐਨ ਦੀ ਤੁਹਾਡੇ ਦਿਲ ਦਾ ਬੇਹਤਰ ਮੁਲਾਂਕਣ ਕਰਨ ਲਈ ਕਿਸੇ ਹੋਰ ਦਿਨ ਨੂੰ ਬੇਨਤੀ ਕੀਤੀ ਜਾ ਸਕਦੀ ਹੈ। ਇਸ ਮਾਮਲੇ ਵਿੱਚ ਸਪੱਸ਼ਟੀਕਰਨ ਕਰਨ ਵਾਲਾ ਦਿੱਲ ਦਾ ਸਪੈਸ਼ਲਿਸਟ ਤੁਹਾਡੇ ਮੂਲ ਟੈਸਟ ਦੇ ਸਿੱਟਿਆਂ ਵਿੱਚ ਹੋਰ ਜਾਣਕਾਰੀ ਨੂੰ ਜੋੜਨ ਦੀ ਇੱਛਾ ਕਰ ਸਕਦਾ ਹੈ। ਚਿੰਤਤ ਨਾ ਹੋਵੋ। ਸਾਡਾ ਦਫ਼ਤਰ ਤੁਹਾਡੇ ਨਾਲ ਸੰਪਰਕ ਕਰੇਗਾ ਜੇ ਇਸ ਦੀ ਲੋੜ ਹੁੰਦੀ ਹੈ।

### ਟੈਸਟ ਦੇ ਸਿੱਟਿਆਂ ਦੀ ਚਰਚਾ:

ਕਿਰਪਾ ਕਰਕੇ ਧਿਆਨ ਦਿਓ ਕਿ ਸਿਰਫ਼ ਤੁਹਾਡੀ ਜਾਣ-ਪਛਾਣ ਦਾ ਅਤੇ/ਜਾਂ ਫੈਮਲੀ ਡਾਕਟਰ ਹੀ ਤੁਹਾਡੇ ਨਾਲ ਤੁਹਾਡੇ ਟੈਸਟ ਦੇ ਸਿੱਟਿਆਂ ਦੀ ਚਰਚਾ ਕਰ ਸਕਦਾ ਹੈ।

TotalCardiology™
Your Heart. Your Health. For Life.

ਕਾਰਡੀਓ-ਡਾਇਗਨੋਸਟਿਕ ਸੈਂਟਰ

**(ਟ) 403 571 8640**

**(ਫ) 403 571 8658**

**totalcardiology.ca**

# ਮਾਯੋਕਾਰਡਿਅਲ ਪਰਫਿਉਜ਼ਨ ਇਮੇਜਿੰਗ (ਐੱਮਪੀਆਈ / ਥੈਲਿਅਮ)

# ਸਟ੍ਰੈਸ ਟੈਸਟ **MPI/Thallium**

ਤਿਆਰੀ ਸਬੰਧੀ ਜਾਣਕਾਰੀ

ਨਿਰਧਾਰਤ ਮੁਲਾਕਾਤ:

ਮਿਤੀ: ________________________________________

ਸਮਾਂ: ________________________________________

ਇਸ ਟੈਸਟ ਵਿੱਚ ਖਾਸ ਤਿਆਰੀ ਕਰਨ ਦੀ ਲੋੜ ਹੁੰਦੀ ਹੈ।
ਕਿਰਪਾ ਕਰਕੇ ਆਪਣੀ ਨਿਰਧਾਰਤ ਮੁਲਾਕਾਤ ਤੋਂ ਘੱਟੋ-ਘੱਟ 3 ਦਿਨ ਪਹਿਲਾਂ ਇਸ ਕਿਤਾਬਚੀ ਨੂੰ ਚੰਗੀ ਤਰ੍ਹਾਂ ਪੜ੍ਹੋ। ਕਿਰਪਾ ਕਰਕੇ ਆਪਣੀ ਨਿਰਧਾਰਤ ਮੁਲਾਕਾਤ ਤੇ 15 ਮਿੰਟ ਪਹਿਲਾਂ ਪਹੁੰਚੋ।

ਜੇ ਤੁਹਾਨੂੰ ਪੂਰੀ ਤਰ੍ਹਾਂ ਅੰਗਰੇਜੀ ਨਹੀਂ ਆਉਂਦੀ ਹੈ, ਤਾਂ ਕਿਰਪਾ ਕਰਕੇ ਅਨੁਵਾਦ ਕਰਨ ਲਈ ਟ੍ਰਾਂਸਲੇਟਰ ਨੂੰ ਆਪਣੇ ਨਾਲ ਲਿਆਓ।

ਬੱਚਿਆਂ ਨੂੰ ਨਿਉਕਲਰ/ਟ੍ਰੈਡਮਿਲ ਲੈਬ ਵਿੱਚ ਆਉਣ ਦੀ ਆਗਿਆ ਨਹੀਂ ਦਿੱਤੀ ਜਾਂਦੀ ਹੈ ਅਤੇ ਉਨ੍ਹਾਂ ਨੂੰ ਉਡੀਕ ਕਰਨ ਵਾਲੇ ਕਮਰੇ ਵਿੱਚ ਇਕੱਲਿਆਂ ਨਹੀਂ ਛੱਡਿਆ ਜਾ ਸਕਦਾ ਹੈ।

ਜੇ ਤੁਸੀਂ ਗਰਭਵਤੀ ਹੋ ਜਾਂ ਬੱਚੇ ਨੂੰ ਛਾਤੀ ਦਾ ਦੁੱਧ ਪਿਲਾ ਰਹੀ ਹੋ ਤਾਂ ਇਹ ਟੈਸਟ ਨਹੀਂ ਕੀਤਾ ਜਾ ਸਕਦਾ।

ਇਸ ਟੈਸਟ ਨੂੰ ਪੂਰਾ ਕਰਨ ਵਿੱਚ ਤੁਹਾਡਾ 5-6 ਘੰਟੇ ਦਾ ਸਮਾਂ ਲੱਗ ਸਕਦਾ ਹੈ।

ਕਿਰਪਾ ਨੋਟ ਕਰੋ ਕਿ ਇਸ ਟੈਸਟ ਲਈ ਤੁਹਾਨੂੰ ਆਪਣਾ ਮੌਜੂਦਾ ਅਲਬਰਟਾ ਹੈਲਥ ਕੇਅਰ ਕਾਰਡ ਅਤੇ ਸਰਕਾਰ ਦੁਆਰਾ ਜਾਰੀ ਕੀਤੀ ਗਈ ਫੋਟੋ ਆਈਡੀ ਦਿਖਾਣੀ ਜਰੂਰੀ ਹੈ। ਘੱਟੋ-ਘੱਟ 24 ਘੰਟੇ ਪਹਿਲਾਂ 403-571-8640 ਤੇ ਕਾਲ ਕਰੋ ਜੇ ਤੁਹਾਨੂੰ ਆਪਣੀ ਨਿਰਧਾਰਤ ਮੁਲਾਕਾਤ ਵਿੱਚ ਤਬਦੀਲੀ ਕਰਨ ਦੀ ਲੋੜ ਹੁੰਦੀ ਹੈ।

ਤੁਹਾਡੇ ਟੈਸਟ ਨੂੰ ਮੁੜ-ਨਿਰਧਾਰਤ ਕਰਨ ਦੀ ਲੋੜ ਹੋ ਸਕਦੀ ਹੈ
ਜੇ ਤੁਸੀਂ ਹੇਠਾਂ ਦਿੱਤੀਆਂ ਹਿਦਾਇਤਾਂ ਦੀ ਪਾਲਣਾ ਨਹੀਂ ਕਰਦੇ ਹੋ।

## ਜਰੂਰੀ ਤਿਆਰੀ ਸਬੰਧੀ ਹਿਦਾਇਤਾਂ

### ਟੈਸਟ ਤੋਂ 48 ਘੰਟੇ (2 ਦਿਨ) ਪਹਿਲਾਂ:

48 ਘੰਟੇ ਦੀ ਦਵਾਈ ਦੀ ਸੂਚੀ ਤੇ ਉਦੋਂ ਤਕ ਸਾਰੀਆਂ ਦਵਾਈਆਂ ਨੂੰ ਲੈਣਾ ਬੰਦ ਕਰੋ ਜੱਦ ਤਕ ਹੋਰ ਹਲਾਤਾਂ ਵਿੱਚ ਤੁਹਾਡੇ ਡਾਕਟਰ ਦੁਆਰਾ ਹਿਦਾਇਤਾਂ ਨਹੀਂ ਦਿੱਤੀਆਂ ਜਾਂਦੀਆਂ ਹਨ।

### ਟੈਸਟ ਤੋਂ 24 ਘੰਟੇ (1 ਦਿਨ) ਪਹਿਲਾਂ:

ਸਾਰੇ ਕੈਫੀਨ ਯੁਕਤ ਅਤੇ ਇੱਥੋਂ ਤਕ ਕਿ ਬਿਨਾਂ ਕੈਫੀਨ ਯੁਕਤ ਪਦਾਰਥਾਂ ਨੂੰ ਲੈਣਾ ਬੰਦ ਕਰੋ (ਜਿਵੇਂ ਕਿ ਕਾਫੀ; ਚਾਹ; ਚਾਕਲੇਟ; ਕੋਲਾ ਡ੍ਰਿੰਕਸ; ਐਨੱਰ੍ਜੀ ਡ੍ਰਿੰਕਸ, ਟਾਇਲੇਨੋਲ/ਕੈਫੀਨ ਵਾਲੇ ਉਤਪਾਦ; 222'ਸ; 292'ਸ; ਕੁਝ ਸਰਦੀ ਜਾਂ ਜ਼ੁਕਾਮ ਦੀਆਂ ਦਵਾਈਆਂ)

24 ਘੰਟੇ ਦੀ ਦਵਾਈ ਦੀ ਸੂਚੀ ਤੇ ਉਦੋਂ ਤਕ ਸਾਰੀਆਂ ਦਵਾਈਆਂ ਨੂੰ ਲੈਣਾ ਬੰਦ ਕਰੋ ਜੱਦ ਤਕ ਹੋਰ ਹਲਾਤਾਂ ਵਿੱਚ ਤੁਹਾਡੇ ਡਾਕਟਰ ਦੁਆਰਾ ਹਿਦਾਇਤਾਂ ਨਹੀਂ ਦਿੱਤੀਆਂ ਜਾਂਦੀਆਂ ਹਨ।

### ਟੈਸਟ ਤੋਂ ਪਹਿਲਾਂ ਦੀ ਰਾਤ:

ਜੇ ਪਾਣੀ ਪੀਣ ਦੀ ਲੋੜ ਹੁੰਦੀ ਹੈ, ਤਾਂ ਪਾਣੀ ਦੀ ਥੋੜੀ ਮਾਤਰਾ ਤੋਂ ਇਲਾਵਾ ਖਾਉਣਾ-ਪੀਣਾ ਬੰਦ ਕਰੋ।

### ਟੈਸਟ ਵਾਲੀ ਸਵੇਰ:

ਇੰਸਲਿਨ ਪੰਪ ਇੰਫਿਓਜ਼ਨਾਂ ਤੋਂ ਇਲਾਵਾ, ਜਿਨ੍ਹਾਂ ਨੂੰ ਤਸੀਂ ਜਾਰੀ ਰੱਖ ਸਕਦੇ ਹੋ, ਡਾਇਬਿਟੀਜ਼ ਦੀਆਂ ਦਵਾਈਆਂ ਨੂੰ ਲੈਣਾ ਬੰਦ ਕਰੋ।

48 ਜਾਂ 24 ਘੰਟੇ ਦੀ ਦਵਾਈ ਦੀ ਸੂਚੀ ਜਾਂ ਕੈਫੀਨ ਦੀ ਸੂਚੀ ਤੇ ਸੂਚਿਤ ਨਾ ਹੋਣ ਵਾਲੀਆਂ ਦਵਾਈਆਂ ਨੂੰ ਲੈਣਾ ਜਾਰੀ ਰੱਖੋ; ਜਿਵੇਂ ਕਿ ਐਸਪਿਰਿਨ, ਪਲਾਵਿਕਸ (ਕਲੋਪਿਡੋਗ੍ਰੇਲ), ਐਫਿਏਂਟ (ਪ੍ਰਾਸੁਗ੍ਰੇਲ), ਬ੍ਰਿਲਿੰਟਾ (ਟਿਕਾਗ੍ਰੇਲੋਰ), ਹੋਰ ਖ਼ੂਨ ਨੂੰ ਪਤਲਾ ਕਰਨ ਵਾਲੀਆਂ, ਦਮੇ, ਸੀਓਪੀਡੀ, ਬਿਮਾਰੀ ਦੇ ਦੌਰੇ, ਪਾਰਕਿੰਸਨ ਦੀਆਂ ਦਵਾਈਆਂ।

ਨਾਂ ਅਤੇ ਖੁਰਾਕਾਂ ਸਮੇਤ, ਆਪਣੀਆਂ ਸਾਰੀਆਂ ਦਵਾਈਆਂ ਆਪਣੇ ਨਾਲ ਲਿਆਓ।
ਚੱਲਣ ਵਿੱਚ ਅਰਾਮਦਾਇਕ ਕੱਪੜੇ ਅਤੇ ਬੂਟ ਪਾਓ। ਅੰਡਰਵਾਯਰ ਵਾਲੀਆਂ ਬ੍ਰਾਵਾਂ ਨੂੰ ਪਾਉਣ ਤੋਂ ਪਰਹੇਜ਼ ਕਰੋ।

ਸ਼ਰੀਰ ਤੇ ਤੇਲ ਜਾਂ ਪਾਊਡਰਾਂ ਨੂੰ ਨਾ ਲਗਾਓ। ਤੁਸੀਂ ਆਪਣੇ ਦੰਦਾਂ ਨੂੰ ਬੁਰਸ਼ ਕਰ ਸਕਦੇ ਹੋ ਅਤੇ ਡਿਓਡੋਰੇਂਟ ਲਗਾ ਸਕਦੇ ਹੋ। ਸੈਂਟ, ਖੁਸ਼ਬੋ, ਆਫਟਰ-ਸ਼ੇਵ ਜਾਂ ਕਾਫੀ ਜ਼ਿਆਦਾ ਖੁਸ਼ਬੋ ਵਾਲੇ ਲੋਸ਼ਨਾਂ ਤੋਂ ਪਰਹੇਜ਼ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਕੁਝ ਵਿਅਕਤੀ ਖੁਸ਼ਬੋਆਂ ਦੇ ਪ੍ਰਤੀ ਸੈਂਸਿਟਿਵ ਹੋ ਸਕਦੇ ਹਨ ਜਾਂ ਉਨ੍ਹਾਂ ਨੂੰ ਅਲਰਜੀ ਹੋ ਸਕਦੀ ਹੈ।

ਕਿਰਪਾ ਕਰਕੇ ਹੇਠਾਂ ਦਿੱਤੀਆਂ ਦੋ ਸੂਚੀਆਂ ਵਿੱਚੋਂ ਆਪਣੀਆਂ ਦਵਾਈਆਂ ਦੀ ਬਹੁਤ ਧਿਆਨ ਨਾਲ ਜਾਂਚ ਕਰੋ।
ਜਿਵੇਂ ਕਿ ਦਰਸ਼ਾਇਆ ਗਿਆ ਹੈ, ਕੁਝ ਦਵਾਈਆਂ ਦੇ ਇੱਕ ਨਾਲੋਂ ਜ਼ਿਆਦਾ ਨਾਂ ਹੋ ਸਕਦੇ ਹਨ (ਬ੍ਰਾਂਡ/ਜੇਨੇਰਿਕ)।

ਅਤੇ, ਹਾਲਾਂਕਿ ਹੇਠਾਂ ਦਿੱਤੀ ਸੂਚੀ ਤੇ ਨਹੀਂ ਦਰਸ਼ਾਇਆ ਗਿਆ ਹੈ, ਕੁਝ ਦਵਾਈਆਂ ਦੇ ਨਾਂ "ਐਪੋ", "ਨੋਵੋ", "ਸੈਂਡੋਜ਼", "ਮਾਇਲਨ" ਵਾਂਗ ਦੇ ਸ਼ਬਦਾਂ ਜਾਂ ਅਜਿਹੇ ਹੋਰ ਸ਼ਬਦਾਂ ਦੇ ਨਾਲ ਸ਼ੁਰੂ ਹੋ ਸਕਦੇ ਹਨ ਜਿਨ੍ਹਾਂ ਨੂੰ ਤੁਹਾਡੇ ਡੱਬੇ ਜਾਂ ਬਲਿਸਟਰ ਦੇ ਪੈਕਟਾਂ ਤੇ ਦੇਖਿਆ ਜਾ ਸਕਦਾ ਹੈ। ਤੁਹਾਡਾ ਹਾਲੇ ਵੀ ਇਨ੍ਹਾਂ ਦੇ ਮੁਤਾਬਕ ਤਿਆਰੀ ਦੀਆਂ ਹਿਦਾਇਤਾਂ ਦੀ ਪਾਲਣਾ ਕਰਨਾ ਲਾਜ਼ਮੀ ਹੈ।

## 48 ਘੰਟੇ ਦੀ ਦਵਾਈ ਦੀ ਸੂਚੀ

ਏਸਬੁਟੋਲੋਲ / ਮੋਨਿਟੈਨ / ਰਹੋਟ੍ਰਲ / ਸੈਕਟ੍ਰਲ
ਏਟੇਨੋਲੋਲ / ਟੇਨੋਰਮਿਨ ਬਿਸੋਪ੍ਰੋਲੋਲ /
ਮੋਨੋਕੋਰ ਕਾਰਵੇਡਿਲੋਲ / ਕੋਰੇਗ
ਮੇਟੋਪ੍ਰੋਲੋਲ ਐੱਸਆਰ / ਲੋਪ੍ਰੇਸੋਰ ਐੱਸਆਰ ਨੈਡੋਲੋਲ /
ਕੋਰਗਾਰਡ
ਪਿੰਡੋਲੋਲ / ਵਿਸਕਿਨ
ਸੋਟਾਲੋਲ / ਸੋਟਾਕੋਰ
ਟਿਮੋਲੋਲ / ਬਲੋਕਾਡ੍ਰੇਨ

ਡਿਲਟਿਆਜ਼ੇਮ ਐੱਕਸਸੀ / ਟਿਆਜ਼ੈਕ ਐੱਕਸਸੀ

ਟੈਡੈਲਾਫਿਲ/ ਸਿਆਲਿਸ
ਵੈਰਡੇਨਾਫਿਲ / ਲੇਵਿਟ੍ਰਾ
ਸਿਲਡੇਨੈਫਿਲ / ਵਿਆਗ੍ਰਾ

## 24 ਘੰਟੇ ਦੀ ਦਵਾਈ ਦੀ ਸੂਚੀ

ਐਮਲੋਡਿਪਾਈਨ / ਨੋਰਵਾਸਕ
ਡਿਲਟਿਆਜ਼ੇਮ / ਕਾਰਡਿਜ਼ੇਮ / ਟਿਆਜ਼ੈਕ ਡਿਲਟਿਆਜ਼ੇਮ ਸੀਡੀ ਜਾਂ ਐੱਸਆਰ / ਕਾਰਡਿਜ਼ੇਮ ਸੀਡੀ ਜਾਂ ਐੱਸਆਰ ਫੇਲੋਡਿਪਾਈਨ / ਪਲੇਂਡਿਲ
ਨਿਕਾਰਡਿਪਾਈਨ / ਕਾਰਡੇਨ / ਕਾਰਡੇਨ ਐੱਸਆਰ ਨਿਫੇਡਿਪਾਈਨ / ਐਡਾਲੈਟ ਐੱਕਸਐੱਲ / ਐਡਾਲੈਟ ਪੀਏ

ਇਮਡੂਰ
ਇਸਮੋ
ਇਸੋਰਡਿਲ ਐੱਸਆਰ
ਇਸੋਸੋਰਬਾਇਡ ਡਿਨਿਟ੍ਰੇਟ ਇਸੋਸੋਰਬਾਇਡ
ਮੋਨੋਨਿਟ੍ਰੇਟ ਨਾਇਟ੍ਰੋਗਲਿਸਰਿਨ ਚੇਪੀਆਂ

ਇਵਾਬ੍ਰਾਡਾਈਨ / ਕੋਰਾਲਾਨ / ਪ੍ਰੋਕੋਰਾਲਾਨ

ਲੈਬੇਟੋਲੋਲ / ਨੋਰਮੋਡਾਈਨ / ਟ੍ਰਾਂਡੇਟ
ਮੇਟੋਪ੍ਰੋਲੋਲ / ਲੋਪ੍ਰੈਸਰ
ਮੇਟੋਪ੍ਰੋਲੋਲ ਐੱਕਸਐੱਲ / ਲੋਪ੍ਰੈਸਰ ਐੱਕਸਐੱਲ / ਟੋਪ੍ਰੋਲ ਐੱਕਸਐੱਲ
ਪ੍ਰੋਪ੍ਰੈਨੋਲੋਲ / ਇੰਡੇਰਲ
ਟਵਿੰਸਟਾ

ਵੇਰਾਪੈਮਿਲ / ਵੇਰਾਪੈਮਿਲ ਐੱਸਆਰ / ਵੇਰਾਪੈਮਿਲ ਈਆਰ
ਇਸੋਪਟਿਨ / ਇਸੋਪਟਿਨ ਐੱਸਆਰ